## Proceedings of Meeting

ਮਾਣਯੋਗ ਵਾਈਸ ਚਾਂਸਲਰ ਜੀ ਦੀ ਪ੍ਰਧਾਨਗੀ ਹੇਠ ਮਿਤੀ 10.05.2018 ਨੂੰ ਸਵੇਰੇ 09:45 ਵਜੇ ਸਿੰਡੀਕੇਟ ਰੂਮ ਵਿਚ ਆਈ.ਕਿਊ.ਏ.ਸੀ. ਮੈਂਬਰ ਸਾਹਿਬਾਨ ਦੀ ਇਕਤਰਤਾ ਹੋਈ। ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜਰ ਸਨ:

1. ਡੀਨ ਅਕਾਦਮਿਕ ਮਾਮਲੇ
2. ਰਜਿਸਟਰਾਰ
3. ਡਾਇਰੈਕਟਰ, ਯੂ.ਜੀ.ਸੀ.-ਐਚ.ਆਰ.ਡੀ.ਸੀ.
4. ਡਾਇਰੈਕਟਰ, ਯੂਨੀਵਰਸਿਟੀ ਕੰਪਿਊਟਰ ਸੈਂਟਰ
5. ਡਾਇਰੈਕਟਰ, ਯੋਜਨਾ ਤੇ ਨਿਰੀਖਣ
6. ਡਾ. ਐਨ.ਕੇ.ਡੋਗਰਾ, ਰਾਜਨੀਤੀ ਵਿਗਿਆਨ ਵਿਭਾਗ
7. ਡਾ. ਡੀ.ਪੀ ਸਿੰਘ, ਬਾਟਨੀ ਵਿਭਾਗ
8. ਡਾ. ਯਸਪਾਲ ਸ਼ਰਮਾ, ਸੰਗੀਤ ਵਿਭਾਗ
9. ਡਾ. ਚਰਨਜੀਤ ਸਿੰਘ, ਈ.ਸੀ.ਈ. ਵਿਭਾਗ
10. ਡਾ. ਮਨਜੀਤ ਸਿੰਘ ਬੱਮਰਾ, ਐਸੋਸੀਏਟ ਡਾਇਰੈਕਟਰ, ਆਈ.ਕਿਊ.ਏ.ਸੀ.
11. ਡਾ. ਮਨਜੀਤ ਸਿੰਘ ਪਾਤੜ, ਡਾਇਰੈਕਟਰ, ਆਈ.ਕਿਊ.ਏ.ਸੀ.

ਇਸ ਮੀਟਿੰਗ ਵਿਚ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

### 1. Academic and Administrative Audit

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਹਰੇਕ ਵਿਭਾਗ ਦਾ Internal Academic and Administrative Audit ਹਰ ਸਾਲ ਹੋਵੇਗਾ। ਇਸ ਤੋਂ ਇਲਾਵਾ ਹਰੇਕ ਵਿਭਾਗ ਦਾ External Academic and Administrative Audit ਤਿੰਨ ਸਾਲ ਬਾਦ ਹੋਵੇਗਾ।

### 2 MOOC in remaining department in University

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਸਾਰੇ ਵਿਭਾਗਾਂ ਵਿਚ MOOC ਲਾਗੂ ਕਰਨ ਲਈ ਸਾਰੇ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਦੀ ਮਿਤੀ 10.5.18 ਨੂੰ 10:30 ਵਜੇ ਹੋ ਰਹੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ।

### 3. Green Audit of University Campus

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਅੱਗੇ ਤੋਂ ਯੂਨੀਵਰਸਿਟੀ ਵਿਖੇ ਗਰੀਨ ਆਡਿਟ ਕਰਨ ਲਈ ਡਾ. ਜਗਬੀਰ ਸਿੰਘ, ਪ੍ਰੋਫੈਸਰ (ਰਿਟਾਇਰਡ), ਜੋਆਲੋਜੀ ਵਿਭਾਗ ਨੂੰ ਪ੍ਰੋਫੈਸਰ ਇੰਚਾਰਜ ਲਗਾਇਆ ਜਾਂਦਾ ਹੈ।

### 4 Student Satisfaction Survey

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਆਈ.ਕਿਊ.ਏ.ਸੀ. ਵਲੋਂ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਨੂੰ NAAC Bangaluru ਪਾਸੋਂ ਪ੍ਰਾਪਤ ਜਿਹੜੇ Student Satisfaction Survey ਫਾਰਮ ਅਤੇ guidelines ਈ-ਮੇਲ ਰਾਹੀਂ ਭੇਜੇ ਜਾਣਗੇ। ਸਾਰੇ ਵਿਭਾਗ ਹਰ ਸਾਲ ਇਹ ਪ੍ਰੋਫਾਰਮੇ ਵਿਦਿਆਰਥੀਆਂ ਤੋਂ ਭਰਵਾਉਣੇ ਯਕੀਨੀ ਬਣਾਉਣਗੇ।

ਆਈ.ਕਿਊ.ਏ.ਸੀ. ਵਲੋਂ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਨੂੰ ਈ-ਮੇਲ ਰਾਹੀਂ ਸਟੂਡੈਂਟ ਫੀਡ ਬੈਕ ਪ੍ਰੋਫਾਰਮੇ ਭੇਜੇ ਗਏ ਹਨ। **Proforma no. I** ਵਿਦਿਆਰਥੀਆਂ ਦੀ ਆਮ ਜਾਣਕਾਰੀ ਨਾਲ ਸਬੰਧਤ ਹੈ, ਜੋ ਕਿ ਦਾਖਲੇ ਵਾਲੇ ਸਾਲ ਹੀ ਭਰਵਾ ਲਿਆ ਜਾਵੇਗਾ। **Proforma no. II** ਵਿਦਿਆਰਥੀਆਂ ਦੇ ਪਾਸ ਹੋਣ ਉਪਰੰਤ ਯੂਨੀਵਰਸਿਟੀ ਛੱਡਣ ਤੋਂ ਬਾਦ ਭਰਵਾਇਆ ਜਾਵੇਗਾ, ਤਾਂ ਜੋ ਵਿਦਿਆਰਥੀਆਂ ਦੀ ਪਲੇਸਮੈਂਟ, ਉਚ ਸਿਖਿਆ ਦਾਖਲਾ ਸਬੰਧੀ ਪੂਰੀ ਜਾਣਕਾਰੀ ਮਿਲ ਸਕੇ।

5 **Choice Based Credit System in Affiliating Colleges**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਡੀਨ (ਕਾਲਜ) ਯੂਨੀਵਰਸਿਟੀ ਦੇ ਐਫੀਲੇਟਿਡ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਮੀਟਿੰਗ ਕਰਕੇ ਇਸ ਨੂੰ ਲਾਗੂ ਕਰਨ ਸਬੰਧੀ ਵਿਚਾਰ-ਵਟਾਂਦਰਾ ਕਰਨ ਉਪਰੰਤ ਸਹਿਮਤੀ ਬਣਾਉਣਗੇ।

6 **Formation of new IQAC Committee**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਮਿਤੀ 30.06.2018 ਨੂੰ ਆਈ.ਕਿਊ.ਏ.ਸੀ. ਕਮੇਟੀ ਦੀ ਮਿਆਦ ਖਤਮ ਹੋ ਰਹੀ ਹੈ ਅਤੇ ਇਸ ਸਬੰਧੀ ਨਵੀਂ ਕਮੇਟੀ ਬਣਾਈ ਜਾਵੇਗੀ।

7. **Review of Annual Quality Assurance Report**

ਇਸ ਸਬੰਧੀ ਫੈਸਲਾ ਲਿਆ ਗਿਆ ਕਿ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਰਿਪੋਰਟ ਈ-ਮੇਲ ਰਾਹੀਂ ਭੇਜ ਦਿੱਤੀ ਜਾਵੇ ਅਤੇ ਉਹਨਾਂ ਤੋਂ ਇਸ ਸਬੰਧੀ ਟਿੱਪਣੀ ਮਿਤੀ 16.05.2018 ਤਕ ਭੇਜਣ ਲਈ ਲਿਖ ਦਿੱਤਾ ਜਾਵੇ।

ਅੰਤ ਵਿਚ ਮੀਟਿੰਗ ਧੰਨਵਾਦ ਦੇ ਮਤੇ ਨਾਲ ਖਤਮ ਹੋ ਗਈ।

ਡਾਇਰੈਕਟਰ
(ਆਈ.ਕਿਊ.ਏ.ਸੀ)

ਡੀਨ ਅਕਾਦਮਿਕ ਮਾਮਲੇ ਸਾਹਿਬ

31.5.18

ਵਾਈਸ ਚਾਂਸਲਰ ਸਾਹਿਬ

1.6.18

1.6.18

Dir. [IQAC]

No: 3484/IQAC
31/5/2018

Diary No. 1744/AAC
04-6-18

ਦਫਤਰ ਡੀਨ ਅਕਾਦਮਿਕ ਮਾਮਲੇ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾਇਰੀ ਨੰ. 5350
ਮਿਤੀ 31/5/18

01/6/18
04/6/18

ਦਫਤਰ ਵਾਈਸ ਚਾਂਸਲਰ
ਡਾਇਰੀ 2401
ਮਿਤੀ 1/6/18
ਪੰਜਾਬੀ ਯੂਨੀਵਰਸਿਟੀ, ਪਟਿਆਲਾ